**Annual syllabus**

**Session- 2024-25**

**Class-VII**

**Subject-Punjabi**

| **ਮਾਣਕ-ਮਾਲਾ ਭਾਗ-2 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ-ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | **ਸਿੱਖਣ ਉਦੇਸ਼** | **ਸਿੱਖਣ ਨਤੀਜੇ (ਸੁਝਾਤਮਕ)** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-1**<br>**ਮਾਂ ਦਾ ਪਿਆਰ**<br>**(ਕਵਿਤਾ)** | ਮਾਂ ਦਾ ਬੱਚੇ ਲਈ ਪਿਆਰ ਅਤੇ ਫ਼ਿਕਰ ਦਰਸਾਉਂਦੇ ਹੋਏ ਬੱਚੇ ਦੇ ਪਾਲਣ-ਪੋਸ਼ਣ ਕਰਦੇ ਹੋਏ ਮਾਂ ਦੀਆਂ ਰੀਝਾਂ ਤੇ ਸੱਧਰਾਂ ਦਾ ਵਰਨਣ ਹੈ। | **ਪਿਛਲੀ ਜਮਾਤ ਵਿੱਚੋਂ ਲਏ ਗਏ ਵਿਸ਼ੇ-**<br>**ਛੇਵੀਂ-** ਵਰਨਮਾਲਾ ਅਤੇ ਲਗਾਂ-ਲਗਾਖਰ।<br>**ਸੱਤਵੀਂ-** ਦਿੱਤੇ ਗਏ ਸ਼ਬਦਾਂ ਨੂੰ ਵਾਕਾਂ ਵਿੱਚ ਵਰਤਣਾ। | ਵਿਦਿਆਰਥੀ<br>-ਕਵਿਤਾ ਵਿੱਚ ਰੁਚੀ ਰੱਖਣਗੇ।<br>-ਕਵੀ ਦੇ ਭਾਵ, ਕਲਪਨਾ, ਵਿਚਾਰਾਂ ਨੂੰ ਸਮਝ ਸਕਣਗੇ।<br>-ਕਵਿਤਾ ਦਾ ਕੇਂਦਰੀ ਭਾਵ ਸਮਝ ਸਕਣਗੇ। | **ਵਿਦਿਆਰਥੀ**<br>-ਸੁਰ,ਤਾਲ ਅਤੇ ਲੈਅ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ ਅਤੇ ਕਵਿਤਾ ਦਾ ਆਨੰਦ ਮਾਣਦੇ ਹਨ।<br>-ਮਾਂ ਬਾਰੇ ਆਪਣੀਆਂ ਭਾਵਨਾਵਾਂ ਨੂੰ ਦਰਸਾਉਂਦੇ ਹੋਏ ਕੁਝ ਸਤਰਾਂ ਲਿਖਦੇ ਹਨ ਜਾਂ ਡਰਾਇੰਗ ਬਣਾਉਂਦੇ ਹਨ। | -ਕਵਿਤਾ ਦੇ ਭਾਵ-ਅਰਥ ਸਮਝਾਉਂਦੇ ਹੋਏ ਔਖੇ ਸ਼ਬਦ-ਅਰਥ ਲਿਖਵਾਉਣਾ ਅਤੇ ਨਾਲ ਹੀ ਕਵਿਤਾ ਵਿੱਚ ਆਈਆਂ ਮਾਤਰਾਵਾਂ ਦੀ ਦੁਹਰਾਈ ਕਰਵਾਉਣਾ।<br>-ਮਾਂ ਪ੍ਰਤੀ ਵਿਚਾਰਾਂ ਦਾ ਲਿਖਵਾ ਕੇ ਪ੍ਰਗਟਾਵਾ ਕਰਾਉਣਾ। |
| **ਪਾਠ-2**<br>**ਕੰਮ ਅਤੇ ਭਗਤੀ**<br>**(ਕਹਾਣੀ)** | ਕੰਮ ਨੂੰ ਹੀ ਭਗਤੀ ਦੱਸਿਆ ਗਿਆ ਹੈ। | **ਛੇਵੀਂ-** ਨਾਂਵ ਸ਼ਬਦਾਂ ਦੀ ਪਛਾਣ ਕਰਨਾ।<br>ਦੇਵਨਾਗਰੀ ਸ਼ਬਦ,<br>ਵਾਕ ਬਣਾਉ<br>**ਸੱਤਵੀਂ-** ਨਾਂਵ ਅਤੇ ਕਿਸਮਾਂ ਬਾਰੇ ਵਿਹਾਰਕ ਪ੍ਰਸ਼ਨ।<br>ਦੇਵਨਾਗਰੀ ਸ਼ਬਦ,<br>ਵਾਕ ਬਣਾਉ। | ਵਿਦਿਆਰਥੀ<br>-ਕਹਾਣੀ ਵਿਧਾ ਤੋਂ ਜਾਣੂ ਹੋਣਗੇ।<br>- ਵਿਦਿਆਰਥੀਆਂ ਦੇ ਗਿਆਨ, ਕਲਪਨਾ ਸ਼ਕਤੀ ਅਤੇ ਸਿਰਜਨਾਤਮਕਤਾ ਵਿੱਚ ਵਾਧਾ ਹੋਵੇਗਾ।<br>-ਕਹਾਣੀ ਤੋਂ ਪ੍ਰੇਰਣਾ ਲੈ ਸਕਣਗੇ।<br>-ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਸਿੱਖਣਗੇ। | ਵਿਦਿਆਰਥੀ<br>-ਕਹਾਣੀ ਪੜ੍ਹਦੇ ਹਨ।<br>ਪਾਠ ਅਭਿਆਸ ਲਿਖਦੇ ਹਨ।<br>-ਕੰਮ ਦੇ ਮਹੱਤਵ ਬਾਰੇ ਵਿਚਾਰ ਪੇਸ਼ ਕਰਦੇ ਹਨ।<br>-ਨਾਂਵ ਸ਼ਬਦ ਲਿਖਦੇ ਹਨ। | -ਅਧਿਆਪਕ ਜਮਾਤ ਵਿੱਚ ਅਜਿਹਾ ਮਾਹੌਲ ਬਣਾਵੇ ਕਿ ਵਿਦਿਆਰਥੀਆਂ ਵੱਲੋਂ ਆਪਣੇ ਅਨੁਭਵਾਂ ਦਾ ਪ੍ਰਗਟਾਵਾ ਹੋ ਸਕੇ।<br>-ਵਿਦਿਆਰਥੀ ਕੋਈ ਅਜਿਹਾ ਅਨੁਭਵ ਸਾਂਝਾ ਕਰ ਸਕਣ ਜਿਸ ਕਰਕੇ ਉਹਨਾਂ ਦਾ ਧਿਆਨ ਕੰਮ ਦੇ ਮਹੱਤਵ ਵੱਲ ਗਿਆ ਹੋਵੇ।<br>-ਨਾਂਵ ਅਤੇ ਕਿਸਮਾਂ ਦਾ ਚਾਰਟ ਬਣਵਾਉਣਾ। |

| ਮਾਣਕ-ਮਾਲਾ ਭਾਗ-2 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-3**<br>**ਹੁਣ ਚੀਜ਼ਾਂ ਨਹੀਂ ਗੁਆਚਦੀਆਂ**<br>**(ਲੇਖ)** | ਚੀਜ਼ਾਂ ਨੂੰ ਉਹਨਾਂ ਦੀ ਨਿਸ਼ਚਿਤ ਥਾਂ ਉੱਤੇ ਰੱਖਣ ਦੀ ਆਦਤ ਪਾਉਣ ਦਾ ਸੁਨੇਹਾ ਦਿੱਤਾ ਗਿਆ ਹੈ। | **ਛੇਵੀਂ-**<br>ਨਾਂਵ ਸ਼ਬਦਾਂ ਦੀ ਪਛਾਣ ਕਰਨਾ,<br>ਵਚਨ ਬਦਲੋ<br>**ਸੱਤਵੀਂ-**<br>ਪੜਨਾਂਵ ਸ਼ਬਦਾਂ ਦੀ ਪਛਾਣ ਕਰਨਾ,<br>ਵਾਕ ਬਣਾਉ,<br>ਵਚਨ ਬਦਲੋ | -ਵਿਦਿਆਰਥੀ ਲੇਖ ਵਿਧਾ ਤੋਂ ਜਾਣੂ ਹੋਣਗੇ।<br>-ਆਪਣੇ ਮਨ ਦੇ ਭਾਵਾਂ ਨੂੰ ਲਿਖ ਕੇ ਪ੍ਰਗਟਾਵਾ ਕਰ ਸਕਣਗੇ।<br>-ਆਪਣੇ ਮਨਪਸੰਦ ਵਿਸ਼ੇ ਬਾਰੇ ਕੁੱਝ ਸਤਰਾਂ ਲਿਖ ਸਕਣਗੇ। | **ਵਿਦਿਆਰਥੀ**<br>-ਚੀਜ਼ਾਂ ਨੂੰ ਨਿਸ਼ਚਿਤ ਟਿਕਾਣੇ ਉੱਤੇ ਰੱਖਣ ਬਾਰੇ ਸਿੱਖਦੇ ਹਨ।<br>-ਨਾਂਵ ਦੀ ਪਰਿਭਾਸ਼ਾ ਸਮਝਦੇ ਹਨ ਤੇ ਕਿਸਮਾਂ ਪਛਾਣਦੇ ਹਨ।<br>-ਪੜਨਾਂਵ ਸ਼ਬਦਾਂ ਦੀ ਪਛਾਣ ਕਰਦੇ ਹਨ। | -ਪਾਠ ਪੜ੍ਹਨ ਉਪਰੰਤ ਵਿਦਿਆਰਥੀਆਂ ਨੂੰ ਚੀਜ਼ਾਂ ਦੇ ਰੱਖ-ਰਖਾਵ ਬਾਰੇ ਆਈ ਸਮਝ ਉੱਤੇ ਚਰਚਾ।<br>-ਪੜਨਾਂਵ ਦੀ ਪਰਿਭਾਸ਼ਾ ਸਪਸ਼ਟ ਕਰਨੀ।<br>-ਪੜਨਾਂਵ ਸ਼ਬਦ ਦੇ ਕੇ ਵਾਕ ਬਣਾਉਣ ਲਈ ਸਹਾਇਤਾ ਕਰਨੀ। |
| **ਪਾਠ-4**<br>**ਇੱਕ ਯਾਦਗਾਰੀ ਸਫ਼ਰ**<br>**(ਯਾਤਰਾ)** | ਇਸ ਯਾਤਰਾ ਵਿੱਚ 'ਪੁਰੀ' ਬਾਰੇ ਜਾਣਕਾਰੀ ਦਿੱਤੀ ਗਈ ਹੈ। | **ਛੇਵੀਂ-**<br>ਦੇਵਨਾਗਰੀ ਅਤੇ ਗੁਰਮੁਖੀ ਸ਼ਬਦ,<br>ਵਿਰੋਧੀ ਸ਼ਬਦ<br>**ਸੱਤਵੀਂ-**<br>ਦੇਵਨਾਗਰੀ ਅਤੇ ਗੁਰਮੁਖੀ ਸ਼ਬਦ,<br>ਵਿਰੋਧੀ ਸ਼ਬਦ | -ਵਿਦਿਆਰਥੀ ਸਫ਼ਰਨਾਮਾ ਵਿਧਾ ਤੋਂ ਜਾਣੂ ਹੋਣਗੇ।<br>-ਆਪਣੀ ਕਿਸੇ ਯਾਤਰਾ ਬਾਰੇ ਚਰਚਾ ਕਰਨਗੇ।<br>-ਆਪਣੇ ਦੁਆਰਾ ਕੀਤੀ ਯਾਤਰਾ ਬਾਰੇ ਕੁੱਝ ਸਤਰਾਂ ਲਿਖ ਸਕਣਗੇ। | **ਵਿਦਿਆਰਥੀ**<br>- 'ਪੁਰੀ' ਬਾਰੇ ਵਿਸਤਾਰ ਸਹਿਤ ਜਾਣਕਾਰੀ ਰੱਖਦੇ ਹਨ।<br>-ਖਾਸ ਨਾਂਵ ਦੀ ਪਛਾਣ ਕਰਦੇ ਹਨ।<br>-ਆਪਣੀ ਕਿਸੇ ਯਾਤਰਾ ਬਾਰੇ ਚਰਚਾ ਕਰਦੇ ਹਨ। | -ਸੈਰ-ਸਪਾਟੇ ਦੇ ਵੱਦਿਅਕ ਲਾਭ ਦੱਸਣਾ।<br>-ਵਿਦਿਆਰਥੀਆਂ ਦੇ ਦੋ ਸਮੂਹ ਬਣਵਾ ਕੇ ਵਿਰੋਧੀ ਸ਼ਬਦ ਅਭਿਆਸ ਕਰਾਉਣਾ ਜਿਵੇਂ ਪਹਿਲਾ ਸਮੂਹ-ਦਿਨ ਅਤੇ ਦੂਜਾ ਸਮੂਹ-ਰਾਤ ਆਦਿ। |
| **ਪਾਠ-5**<br>**ਬਲਬ ਦਾ ਭੂਤ**<br>**(ਕਹਾਣੀ)** | ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਅਤੇ ਆਪਣੀ ਸਮਝਦਾਰੀ ਤੋਂ ਕੰਮ ਲੈਣ ਦੀ ਪ੍ਰੇਰਣਾ ਦਿੱਤੀ ਗਈ ਹੈ। | **ਛੇਵੀਂ-**<br>ਵਾਕ ਬਣਾਉ।<br>**ਸੱਤਵੀਂ-**<br>ਵਾਕ ਬਣਾਉ। | -ਵਿਦਿਆਰਥੀ ਕਹਾਣੀ ਦਾ ਵਿਸ਼ਾ-ਵਸਤੂ ਗ੍ਰਹਿਣ ਕਰ ਸਕਣਗੇ।<br>-ਆਪਣੇ ਨਾਲ ਬੀਤੀ ਕਿਸੇ ਘਟਨਾ ਬਾਰੇ ਜਮਾਤ ਵਿੱਚ ਚਰਚਾ ਕਰਨਗੇ। | **ਵਿਦਿਆਰਥੀ**<br>-ਅੰਧ-ਵਿਸ਼ਵਾਸਾਂ ਪ੍ਰਤੀ ਜਾਗਰੂਕ ਹੋਏ ਹਨ।<br>-ਪਾਠ ਦਾ ਵਿਸ਼ਾ-ਵਸਤੂ ਸਮਝਦੇ ਹਨ। | -ਵਿਦਿਆਰਥੀਆਂ ਨੂੰ ਆਪਣੇ ਮਨ ਵਿੱਚ ਪਾਠ ਦੇ ਵਿਸ਼ੇ ਸੰਬੰਧੀ ਉੱਠੇ ਵਿਚਾਰਾਂ ਨੂੰ ਸਾਂਝਾ ਕਰਨ ਦਾ ਮੌਕਾ ਦਿੱਤਾ ਜਾਵੇ ਅਤੇ ਚਰਚਾ ਕੀਤੀ ਜਾਵੇ।<br>-ਪਾਠ ਵਿੱਚੋਂ ਕੁਝ ਅਸਾਨ ਸ਼ਬਦ ਦੇ ਕੇ ਵਾਕ ਬਣਾਉਣ ਦਾ ਅਭਿਆਸ ਕਰਾਉਣਾ। |

| ਮਾਣਕ-ਮਾਲਾ ਭਾਗ-2 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-8**<br>**ਸਾਡੇ ਜੀਵਨ ਵਿੱਚ ਰੁੱਖ**<br>**(ਲੇਖ)** | ਰੁੱਖਾਂ ਦਾ ਸਾਡੇ ਜੀਵਨ ਵਿੱਚ ਮਹੱਤਵ ਦੱਸਿਆ ਗਿਆ ਹੈ। | **ਛੇਵੀਂ-**<br>ਅੱਧਕ<br>**ਸੱਤਵੀਂ-**<br>ਵਾਕ ਬਣਾਉ,<br>ਵਿਰੋਧੀ ਸ਼ਬਦ,<br>ਅੱਧਕ ਦਾ ਸ਼ੁੱਧ ਉਚਾਰਣ ਅਤੇ ਵਰਤੋਂ ਢੰਗ। | -ਵਿਦਿਆਰਥੀ ਲੇਖ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੋਣਗੇ।<br>-ਵਿਦਿਆਰਥੀਆਂ ਨੂੰ ਰੁੱਖਾਂ ਦੀ ਸਾਂਭ-ਸੰਭਾਲ ਬਾਰੇ ਪ੍ਰੇਰਿਤ ਕਰਨਾ। | **ਵਿਦਿਆਰਥੀ**<br>-ਰੁੱਖਾਂ ਦੇ ਲਾਭ ਅਤੇ ਉਹਨਾਂ ਦੀ ਸਾਂਭ-ਸੰਭਾਲ ਬਾਰੇ ਜਾਣਕਾਰੀ ਰੱਖਦੇ ਹਨ।<br>-ਅੱਧਕ ਦਾ ਸ਼ੁੱਧ ਉਚਾਰਣ ਅਤੇ ਲਿਖਣ ਢੰਗ ਸਮਝਦੇ ਹਨ। | -ਵਾਤਾਵਰਨ ਸੰਬੰਧੀ ਕੋਈ ਚਿੱਤਰ ਦੇ ਕੇ ਚਿੱਤਰ ਵਰਨਣ ਕਰਵਾਉਣਾ।<br>-ਅੱਧਕ ਸ਼ਬਦਾਂ ਨੂੰ ਬਲੈਕ-ਬੋਰਡ ਉੱਤੇ ਵਿਦਿਆਰਥੀਆਂ ਦੁਆਰਾ ਅਭਿਆਸ ਕਰਾਉਣਾ।<br>- 'ਰੁੱਖਾਂ ਦੇ ਲਾਭ' ਵਿਸ਼ੇ 'ਤੇ ਵਿਦਿਆਰਥੀਆਂ ਕੋਲੋਂ<br>ਪੰਜ ਸਤਰਾਂ ਲਿਖਵਾਉਣਾ। |
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਮੇਰਾ ਸਕੂਲ,<br>ਪੱਤਰ- ਆਪਣੇ ਸਕੂਲ ਮੁਖੀ ਨੂੰ ਪੰਜਾਬੀ ਵਿਸ਼ਾ ਲੈਣ ਲਈ ਬਿਨੈ-ਪੱਤਰ ਲਿਖੋ।<br>ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | ਵਿਦਿਆਰਥੀ<br>-ਵਿਆਕਰਨ ਦੇ ਵੱਖ-ਵੱਖ ਰੂਪਾਂ ਦੀ ਜਾਣਕਾਰੀ ਹਾਸਲ ਕਰਨਗੇ।<br>-ਵੱਖ-ਵੱਖ ਵਿਆਕਰਨਕ ਇਕਾਈਆਂ ਵਿਚਲੇ ਅੰਤਰ ਨੂੰ ਸਮਝ ਸਕਣਗੇ।<br>-ਵਿਹਾਰਕ ਵਿਆਕਰਨ ਦਾ ਅਭਿਆਸ ਕਰਨਗੇ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ।<br>-ਅਣਡਿੱਠੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਦੇਖ ਕੇ ਵਰਨਣ ਕਰਦੇ ਹਨ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਾਉਣਾ ਅਤੇ ਅਭਿਆਸ ਕਰਾਉਣਾ।<br>-ਅਣਡਿੱਠਾ ਪੈਰਾ ਦੇ ਕੇ ਵਿਦਿਆਰਥੀਆਂ ਤੋਂ ਪ੍ਰਸ਼ਨਾਂ ਦੇ ਉੱਤਰ ਲਿਖਵਾਉਣਾ।<br>-ਚਿੱਤਰ ਵਰਨਣ ਦਾ ਅਭਿਆਸ ਕਰਾਉਣਾ। |

- **ਉਪਰੋਕਤ ਪਾਠਕ੍ਰਮ 13 ਸਤੰਬਰ 2024 ਤੱਕ ਪੂਰਾ ਕਰ ਲਿਆ ਜਾਵੇ।**
- **ਪਹਿਲੀ ਟਰਮ ਲਈ ਦੁਹਰਾਈ ਕਾਰਜ ਕਰ ਲਿਆ ਜਾਵੇ।**

| ਮਾਣਕ-ਮਾਲਾ ਭਾਗ-2 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-10**<br>**ਮਾਂ-ਬੋਲੀ ਪੰਜਾਬੀ**<br>**(ਕਵਿਤਾ)** | ਇਸ ਕਵਿਤਾ ਵਿੱਚ ਮਾਂ-ਬੋਲੀ ਪੰਜਾਬੀ ਦਾ ਗੁਣ-ਗਾਣ ਕੀਤਾ ਗਿਆ ਹੈ। | **ਛੇਵੀਂ-**<br>ਵਾਕ ਬਣਾਉ।<br>**ਸੱਤਵੀਂ-**<br>ਵਾਕ ਬਣਾਉ। | ਵਿਦਿਆਰਥੀ<br>-ਕਵਿਤਾ ਦਾ ਕੇਂਦਰੀ ਭਾਵ ਸਮਝ ਸਕਣਗੇ।<br>-ਵਿਦਿਆਰਥੀਆਂ ਅੰਦਰ ਆਪਣੀ ਮਾਂ-ਬੋਲੀ ਪ੍ਰਤੀ ਮਾਣ ਦੀ ਭਾਵਨਾ ਵਿਕਸਿਤ ਹੋਵੇਗੀ। | **ਵਿਦਿਆਰਥੀ**<br>**-** ਸੁਰ,ਤਾਲ ਅਤੇ ਲੈਅ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ ਅਤੇ ਕਵਿਤਾ ਦਾ ਆਨੰਦ ਮਾਣਦੇ ਹਨ।<br>-ਮਾਂ-ਬੋਲੀ ਬਾਰੇ ਜਾਣਕਾਰੀ ਰੱਖਦੇ ਹਨ।<br>ਕਵਿਤਾ ਦਾ ਕੇਂਦਰੀ ਭਾਵ ਜਮਾਤ ਵਿੱਚ ਸੁਣਾਉਂਦੇ ਹਨ। | -ਮਾਂ-ਬੋਲੀ ਦਾ ਜੀਵਨ ਵਿੱਚ ਮਹੱਤਵ ਸਮਝਾਉਣਾ।<br>-ਕਵਿਤਾ ਦੀਆਂ ਤੁਕਾਂ ਪੂਰੀਆਂ ਕਰਵਾ ਕੇ ਵਾਰ-ਵਾਰ ਉਚਾਰਣ ਦਾ ਅਭਿਆਸ ਕਰਾਉਣਾ।<br>-ਕਵਿਤਾ ਵਿੱਚ ਆਏ ਵਿਚਾਰਾਂ ਨੂੰ ਕਾਪੀ ਉੱਤੇ ਲਿਖਣ ਲਈ ਨਿਰਦੇਸ਼ ਦੇਣਾ। |
| **ਪਾਠ-12**<br>**ਅੱਖੀਆਂ**<br>**(ਕਵਿਤਾ)** | ਅੱਖੀਆਂ ਨੂੰ ਸੰਸਾਰ ਦੀਆਂ ਵਸਤਾਂ ਦੇਖਦੇ ਹੋਏ ਸਹੀ ਨੂੰ ਦੇਖਣ ਅਤੇ ਮੈਲਾ ਹੋਣ ਤੋਂ ਬਚਣ ਲਈ ਕਿਹਾ ਗਿਆ ਹੈ। | - | -ਵਿਦਿਆਰਥੀ ਕਵਿਤਾ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੋਣਗੇ।<br>-ਵਿਦਿਆਰਥੀ ਖੁਦ ਕਵਿਤਾ ਲਿਖਣ ਲਈ ਪ੍ਰੇਰਿਤ ਹੋਣਗੇ।<br>-ਕਵਿਤਾ ਮੂੰਹ ਜ਼ੁਬਾਨੀ ਯਾਦ ਕਰਕੇ ਜਮਾਤ ਵਿੱਚ ਸੁਣਾਉਣਗੇ। | **ਵਿਦਿਆਰਥੀ**<br>-ਕਵਿਤਾ ਮੂੰਹ ਜ਼ੁਬਾਨੀ ਯਾਦ ਕਰਦੇ ਹਨ ਅਤੇ ਜਮਾਤ ਵਿੱਚ ਸੁਣਾਉਂਦੇ ਹਨ। | - 'ਅੱਖਾਂ ਦੀ ਦੇਖਭਾਲ' ਪ੍ਰਤੀ ਜਾਗਰੂਕ ਕਰਨਾ। |
| **ਪਾਠ-13**<br>**ਪੰਛੀਆਂ ਦੇ ਹਸਪਤਾਲ ਦੀ ਯਾਤਰਾ**<br>**(ਲੇਖ)** | ਪੰਛੀਆਂ ਦੇ ਹਸਪਤਾਲ ਦੀ ਯਾਤਰਾ ਰਾਹੀਂ ਪੰਛੀਆਂ ਦੇ ਹਸਪਤਾਲ ਖੁੱਲਣ, ਪੰਛੀਆਂ ਦੀ ਦੇਖਭਾਲ,ਬਿਮਾਰੀ ਦੇ ਲੱਛਣ ਅਤੇ ਬਚਾਵ ਬਾਰੇ ਜਾਣਕਾਰੀ ਦਿੱਤੀ ਗਈ ਹੈ। | **ਛੇਵੀਂ-**<br>ਵਾਕ ਬਣਾਉ। ਨਾਂਵ ਸ਼ਬਦਾਂ ਦੀ ਪਛਾਣ।<br>**ਸੱਤਵੀਂ-**<br>ਵਾਕ ਬਣਾਉ।<br>ਵਿਸ਼ੇਸ਼ਣ ਸ਼ਬਦਾਂ ਦੀ ਪਛਾਣ। | -ਵਿਦਿਆਰਥੀ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਪ੍ਰਤੀ ਚੇਤੰਨ ਹੋਣਗੇ।<br>-ਪੰਛੀਆਂ ਬਾਰੇ ਜਾਣਕਾਰੀ ਹਾਸਲ ਕਰਨਗੇ।<br>-ਪੰਛੀਆਂ ਦੇ ਹਸਪਤਾਲ ਨੂੰ ਚਲਾਉਣ ਦੇ ਤਰੀਕੇ ਦੀ ਜਾਣਕਾਰੀ ਹਾਸਲ ਕਰਨਗੇ। | **ਵਿਦਿਆਰਥੀ**<br>-ਪਾਠ ਵਾਚਨ ਕਰਦੇ ਹਨ।<br>-ਪੰਛੀਆਂ ਪ੍ਰਤੀ ਸਹਿਣਸ਼ੀਲਤਾ ਰੱਖਦੇ ਹਨ।<br>-ਪ੍ਰਸ਼ਨ-ਉੱਤਰ ਲਿਖਦੇ ਹਨ।<br>-ਵਿਸ਼ੇਸ਼ਣ ਸ਼ਬਦਾਂ ਦੀ ਪਛਾਣ ਕਰਦੇ ਹਨ। | ਪਸ਼ੂ-ਪੰਛੀਆਂ ਦੇ ਚਿੱਤਰ ਬਣਵਾਉਣਾ।<br>-ਪੰਛੀਆਂ ਦੀ ਦੇਖਭਾਲ ਕਰਨ ਬਾਰੇ ਪੰਜ ਸਤਰਾਂ ਲਿਖਵਾਉਣਾ।<br>-ਵਿਸ਼ੇਸ਼ਣ ਦੀ ਪਰਿਭਾਸ਼ਾ ਸਮਝਾਉਣਾ ਅਤੇ ਸ਼ਬਦ ਚੁਣ ਕੇ ਕਾਪੀ ਉੱਤੇ ਲਿਖਵਾਉਣਾ। |

| ਮਾਣਕ-ਮਾਲਾ ਭਾਗ-2 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-16**<br>**ਬੁਲੰਦ ਹੌਸਲੇ ਦੀ ਮਿਸਾਲ-ਰਜਿੰਦਰ ਸਿੰਘ ਰਹੇਲੂ**<br>**(ਜੀਵਨੀ)** | ਰਜਿੰਦਰ ਸਿੰਘ ਰਹੇਲੂ ਦੇ ਜੀਵਨ,ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰੇਰਿਤ ਕੀਤਾ ਗਿਆ ਹੈ। | **ਛੇਵੀਂ-**<br>ਵਾਕ ਬਣਾਉ,<br>ਗੁਰਮੁਖੀ ਸ਼ਬਦ,<br>ਵਚਨ<br>**ਸੱਤਵੀਂ-**<br>ਵਾਕ ਬਣਾਉ,<br>ਗੁਰਮੁਖੀ ਸ਼ਬਦ,<br>ਵਚਨ | ਵਿਦਿਆਰਥੀ<br>-ਜੀਵਨੀ ਵਿਧਾ ਤੋਂ ਜਾਣੂ ਹੋਣਗੇ।<br>-ਜੀਵਨੀ ਵਿੱਚ ਆਏ ਵਿਚਾਰਾਂ ਤੋਂ ਪ੍ਰੇਰਣਾ ਲੈਣਗੇ।<br>-ਵਿਦਿਆਰਥੀ ਆਪਣੇ ਆਸ-ਪਾਸ ਵਿਚਰਦੇ ਦਿਵਯਾਂਗ ਵਿਅਕਤੀਆਂ ਪ੍ਰਤੀ ਸੁਹਿਰਦ ਹੋਣਗੇ।<br>-ਵਿਦਿਆਰਥੀ ਇਹ ਵੀ ਸਿੱਖਣਗੇ ਕਿ ਦਿਵਯਾਂਗਤਾ ਕਿਸੇ ਵੀ ਤਰਾਂ ਸੁਫ਼ਨੇ ਪੂਰੇ ਕਰਨ ਵਿੱਚ ਰੋਕ ਨਹੀਂ ਹੈ। | **ਵਿਦਿਆਰਥੀ**<br>-ਰਜਿੰਦਰ ਸਿੰਘ ਰਹੇਲੂ ਦੇ ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਰੱਖਦੇ ਹਨ।<br>-ਹੌਸਲੇ ਨਾਲ ਵੱਡੀ ਤੋਂ ਵੱਡੀ ਔਕੜ ਹਲ ਕਰਨ ਬਾਰੇ ਸਿੱਖਦੇ ਹਨ। | -ਵਿਸ਼ੇਸ਼ ਯੋਗਤਾ ਰੱਖਦੇ ਵਿਅਕਤੀਆਂ ਪ੍ਰਤੀ ਸੁਹਿਰਦ ਰਹਿਣ ਦੀ ਪ੍ਰੇਰਣਾ ਦੇਣਾ।<br>-ਕਿਸੇ ਪ੍ਰਸਿੱਧ ਖਿਡਾਰੀ ਬਾਰੇ ਪੰਜ ਸਤਰਾਂ ਲਿਖਣ ਲਈ ਦੇਣਾ।<br>-ਵਿਦਿਆਰਥੀਆਂ ਦੇ ਛੋਟੇ-ਛੋਟੇ ਸਮੂਹਾਂ ਵਿੱਚ ਰਜਿੰਦਰ ਸਿੰਘ ਰਹੇਲੂ ਦੇ ਜੀਵਨ ਤੋਂ ਮਿਲੀ ਸਿੱਖਿਆ ਬਾਰੇ ਚਰਚਾ ਕਰਕੇ ਉਸ ਸਮੂਹ ਵਿੱਚੋਂ ਕਿਸੇ ਇੱਕ ਸਾਥੀ ਨੂੰ ਜਮਾਤ ਸਾਹਮਣੇ ਆਪਣੇ ਸਮੂਹ ਵਿੱਚ ਹੋਈ ਚਰਚਾ ਦਾ ਨਿਚੋੜ ਦੱਸਣ ਲਈ ਕਿਹਾ ਜਾਵੇ।ਹਰੇਕ ਵਿਦਿਆਰਥੀ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ। |
| **ਪਾਠ-20**<br>**ਟੂਣਾ**<br>**(ਇਕਾਂਗੀ)** | ਸਮਾਜ ਵਿੱਚ ਫੈਲੇ ਵਹਿਮਾਂ-ਭਰਮਾਂ ਨੂੰ ਦੂਰ ਕਰਨ ਦਾ ਸੁਨੇਹਾ ਦਿੱਤਾ ਗਿਆ ਹੈ। ਬੱਚਿਆਂ ਦੇ ਬਾਲ-ਮਨਾਂ ਵਿੱਚੋਂ ਤਰਕ ਰਾਹੀਂ ਇਹ ਭਰਮ ਕਿਵੇਂ ਕੱਢੇ ਜਾ ਸਕਦੇ ਹਨ। ਇਸ ਬਾਰੇ ਜ਼ਿਕਰ ਹੈ। | **ਛੇਵੀਂ-**<br>ਵਾਕ ਬਣਾਉ।<br>**ਸੱਤਵੀਂ-**<br>ਵਾਕ ਬਣਾਉ। | -ਵਿਦਿਆਰਥੀ ਇਕਾਂਗੀ ਵਿਧਾ ਤੋਂ ਜਾਣੂ ਹੋਣਗੇ।<br>-ਇਕਾਂਗੀ ਦਾ ਵਿਸ਼ਾ-ਵਸਤੂ ਸਮਝਣਗੇ।<br>-ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਲਈ ਪ੍ਰੇਰਣਾ ਲੈਣਗੇ। | **ਵਿਦਿਆਰਥੀ**<br>-ਇਕਾਂਗੀ ਦੀ ਵਿਧਾ ਸਮਝਦੇ ਹਨ।<br>-ਇਕਾਂਗੀ ਦੇ ਵਿਸ਼ੇ ਉੱਪਰ ਚਰਚਾ ਕਰਦੇ ਹਨ।<br>-ਵਹਿਮਾਂ-ਭਰਮਾਂ ਬਾਰੇ ਜਾਗਰੂਕਤਾ ਰੱਖਦੇ ਹਨ। | -ਇਕਾਂਗੀ ਦੀ ਵਿਧਾ ਸਮਝਾਉਣਾ।<br>-ਇਕਾਂਗੀ ਵਿੱਚ ਆਏ ਵਿਚਾਰਾਂ ਉੱਤੇ ਚਰਚਾ ਕਰਵਾਉਣੀ।<br>-ਇਕਾਂਗੀ ਦੇ ਪਾਤਰਾਂ ਨੂੰ ਵਿਦਿਆਰਥੀਆਂ ਦੁਆਰਾ ਪਾਤਰ ਬਣਦੇ ਹੋਏ ਜਮਾਤ ਵਿੱਚ ਪੜ੍ਹਾਇਆ ਜਾਣਾ।<br>-ਇਕਾਂਗੀ ਤੋਂ ਮਿਲੀ ਸਿੱਖਿਆ ਨੂੰ ਵਿਦਿਆਰਥੀਆਂ ਦੇ ਸ਼ਬਦਾਂ ਵਿੱਚ ਲਿਖਵਾਉਣਾ। |

| ਮਾਣਕ-ਮਾਲਾ ਭਾਗ-2<br>(ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਦੀਵਾਲੀ, ਹੋਲੀ<br>ਪੱਤਰ- ਆਪਣੇ ਸਕੂਲ ਮੁਖੀ ਨੂੰ ਜ਼ਰੂਰੀ ਕੰਮ ਲਈ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।<br>ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | ਵਿਦਿਆਰਥੀ<br>-ਵਿਆਕਰਨ ਦੇ ਵੱਖ-ਵੱਖ ਰੂਪਾਂ ਦੀ ਜਾਣਕਾਰੀ ਹਾਸਲ ਕਰਨਗੇ।<br>-ਵੱਖ-ਵੱਖ ਵਿਅਕਰਣਕ ਇਕਾਈਆਂ ਵਿਚਲੇ ਅੰਤਰ ਨੂੰ ਸਮਝ ਸਕਣਗੇ।<br>-ਵਿਹਾਰਕ ਵਿਆਕਰਨ ਦਾ ਅਭਿਆਸ ਕਰਨਗੇ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਵਰਨਣ ਕਰਦੇ ਹਨ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਾਉਣਾ।<br>-ਅਣਡਿੱਠਾ ਪੈਰਾ ਦੇ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਵਿੱਚ ਸਹਾਇਤਾ ਕਰਨੀ।<br>-ਕੋਈ ਚਿੱਤਰ ਦੇ ਕੇ ਵਰਨਣ ਕਰਨ ਦਾ ਅਭਿਆਸ ਕਰਾਉਣਾ। |

- **ਉਪਰੋਕਤ ਪਾਠਕ੍ਰਮ 31 ਜਨਵਰੀ 2025 ਤੱਕ ਪੂਰਾ ਕਰ ਲਿਆ ਜਾਵੇ।**
- **ਪਾਠਕ੍ਰਮ ਪੂਰਾ ਹੋਣ ਉਪਰੰਤ ਦੁਹਰਾਈ ਕਰਵਾਈ ਜਾਵੇ।**
- **ਸਲਾਨਾ ਪ੍ਰੀਖਿਆ ਵਿੱਚ ਪੂਰੇ ਪਾਠਕ੍ਰਮ ਦਾ ਮੁਲਾਂਕਣ ਕੀਤਾ ਜਾਵੇਗਾ।**

*ਨੋਟ- ਪਾਠ-1 ਮਾਂ ਦਾ ਪਿਆਰ (ਕਵਿਤਾ), ਪਾਠ-20 ਟੂਣਾ (ਇਕਾਂਗੀ) ਪਾਠਾਂ ਦਾ ਸਲਾਨਾ ਪ੍ਰੀਖਿਆ ਵਿੱਚ ਮੁਲਾਂਕਣ ਨਹੀਂ ਕੀਤਾ ਜਾਵੇਗਾ।